## ਪਾਠ-4

## ਇਨਫੋਰਮੇਸ਼ਨ ਟੈਕਨੋਲੋਜੀ ਵਿਚ ਮੌਜੂਦਾ ਰੁਝਾਨ

### ਅਭਿਆਸ

### ਭਾਗ-ੳ

**ਪ੍ਰ 1. ਬਹੁ ਪਸੰਦੀ ਪ੍ਰਸ਼ਨ :**

1. ਇਨਫੋਰਮੇਸ਼ਨ ਟੈਕਨੋਲੋਜੀ (IT)ਇੱਕ ਅਜਿਹਾ ਖੇਤਰ ਹੈ ਜਿਸਦੇ ਤਹਿਤ ਕੰਪਿਊਟਰ ਜਾਂ ਹੋਰ ਭੌਤਿਕ ਉਪਕਰਣ(ਹਾਰਡਵੇਅਰ,ਸਾਫਟਵੇਅਰ) ਦੀ ਵਰਤੋਂ ਇਲੈਕਟ੍ਰਾਨਿਕ ਡਾਟਾ ਨੂੰ ਬਣਾਉਣ,**ਪ੍ਰਕਿਰਿਆ ਕਰਨ**,ਸੁਰੱਖਿਅਤ ਕਰਨ ਅਤੇ ਅਦਾਨ–ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।

**a. ਐਕਸੈੱਸ ਕਰਨ** **b. ਪ੍ਰਕਿਰਿਆ ਕਰਨ**

**c. ਪਰਿਭਾਸ਼ਿਤ ਕਰਨ** **d. ਸੇਵ ਕਰਨ**

2. ਆਨਲਾਈਨ ਸਿੱਖਿਆ ਸੇਵਾਵਾਂ ਦੀ ਸ਼ੁਰੂਆਤ ਦੇ ਨਾਲ,ਵਿਦਿਆਰਥੀ **ਇੰਟਰਨੈੱਟ** ਦੀ ਵਰਤੋਂ ਕਰਕੇ ਕਿਸੇ ਵੀ ਜਗ੍ਹਾ ਬੈਠ ਸਿੱਖ ਸਕਦੇ ਹਨ ।

**a. ਇੰਟਰਨੈੱਟ** **b. ਬਿਜਲੀ**

**c. 5ਜੀ ਟੈਕਨੋਲੋਜੀ** **d. ਈਮੇਲ**

3. ਐਂਡਰਇਡ ਓਪਰੇਟਿੰਗ ਸਿਸਟਮ ਇੱਕ **ਮੋਬਾਇਲ** ਓਪਰੇਟਿੰਗ ਸਿਸਟਮ ਹੈ।

**a. ਕੰਪਿਊਟਰ** **b. ਮੋਬਾਇਲ**

**c. ਤਕਨੀਕ** **d. ਵਰਚੁਅਲ ਰਿਐਲਿਟੀ**

4. ਕਲਾਊਡ ਕੰਪਿਊਟਿੰਗ ਇੱਕ ਕਿਸਮ ਦੀ **ਇੰਟਰਨੈੱਟ** ਅਧਾਰਤ ਕੰਪਿਊਟਿੰਗ ਤਕਨੀਕ ਹੈ।

**a. ਬਿੱਗ-ਡਾਟਾ** **b. ਇੰਟਰਨੈੱਟ**

**c. ਆਈ.ਓ.ਟੀ(IOT)** **d. ਬਲਿਊਟੁੱਥ**

**ਪ੍ਰ 2. ਪੂਰੇ ਰੂਪ ਲਿਖੋ :**

**1. ਵਾਈ-ਫਾਈ (Wi-Fi) :- ਵਾਇਰਲੈੱਸ ਫਿਡੈਲਿਟੀ**

**2. ਵੀ.ਆਰ (VR) :- ਵਰਚੁਅਲ ਰਿਐਲਿਟੀ**

**3. ਆਈ.ਓ.ਟੀ.(IOT) :- ਇਨਫੋਰਮੇਸ਼ਨ ਆਫ ਥਿੰਗਜ਼**

**4. ਆਈ.ਟੀ.(IT) :- ਇਨਫੋਰਮੇਸ਼ਨ ਟੈਕਨੋਲੋਜੀ**

**5. ਜੀ.ਪੀ.ਐਸ. (GPS) :- ਗਲੋਬਲ ਪੋਜੀਸ਼ਨਿੰਗ ਸਿਸਟਮ**

### ਭਾਗ-ਅ

**ਪ੍ਰ 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ (4-5 ਲਾਇਨਾਂ ਵੱਚ ਉੱਤਰ ਲਿਖੋ)**

**1. ਪ੍ਰਸ਼ਨ :- ਇਨਫੋਰਮੇਸ਼ਨ ਟੈਕਨੋਲੋਜੀ ਕੀ ਹੈ**

**ਉੱਤਰ :- ਇਨਫੋਰਮੇਸ਼ਨ ਟੈਕਨੋਲੋਜੀ -** ਇਨਫੋਰਮੇਸ਼ਨ ਟੈਕਨੋਲੋਜੀ ਇੱਕ ਅਜਿਹਾ ਖੇਤਰ ਹੈ ਜਿਸ ਦੇ ਤਹਿਤ ਕੰਪਿਊਟਰ ਜਾਂ ਹੋਰ ਭੌਤਿਕ ਉਪਕਰਣ(ਹਾਰਡਵੇਅਰ,ਸਾਫਟਵੇਅਰ) ਦੀ ਵਰਤੋਂ ਇਲੈਕਟ੍ਰਾਨਿਕ ਡਾਟਾ ਨੂੰ ਬਣਾਉਣ,ਪ੍ਰਕਿਰਿਆ ਕਰਨ,ਸੁਰੱਖਿਅਤ ਕਰਨ ਅਤੇ ਅਦਾਨ–ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ ਇਨਫੋਰਮੇਸ਼ਨ ਟੈਕਨੋਲੋਜੀ ਵਿੱਚ ਅਸੀਂ ਕੰਪਿਊਟਰ ਅਤੇ ਦੂਰਸੰਚਾਰ ਨਾਲ ਜੁੜੇ ਯੰਤਰਾਂ ਦਾ ਅਧਿਐਨ ਕਰਦੇ ਹਾਂ ਅਤੇ ਇਨ੍ਹਾਂ ਦੀ ਵਰਤੋਂ ਸੂਚਨਾ ਨੂੰ ਸਟੋਰ ਕਰਨ,ਪ੍ਰਾਪਤ ਕਰਨ ਲਈਕਰਦੇ ਹਾਂ।

**2. ਪ੍ਰਸ਼ਨ :- ਇਨਫੋਰਮੇਸ਼ਨ ਟੈਕਨੋਲੋਜੀ ਵਿੱਚ ਮੌਜੂਦਾ ਚਾਰ ਰੁਝਾਨਾਂ ਦੇ ਨਾਮ ਦੱਸੋ।**

**ਉੱਤਰ :- ਇਨਫੋਰਮੇਸ਼ਨ ਟੈਕਨੋਲੋਜੀ ਵਿੱਚ ਮੌਜੂਦਾ ਰੁਝਾਨਾਂ -**

**1. ਮੋਬਾਇਲ ਇੰਟਰਨੈੱਟ-** ਮੋਬਾਇਲ ਇੰਟਰਨੈੱਟ ਸਾਨੂੰ ਵੱਖ–ਵੱਖ ਤਰ੍ਹਾਂ ਦੇ ਸੋਸ਼ਲ–ਮੀਡੀਆ ਜਿਵੇਂ ਫੇਸਬੁੱਕ,ਵੱਟਸਐਪ ਆਦਿ ਨੂੰ ਵਰਤਣ ਦੀ ਸਹੂਲਤ ਪ੍ਰਦਾਨ ਕਰਦਾ ਹੈ।


**2. ਵਾਈ-ਫਾਈ ਟੈਕਨੋਲੋਜੀ-**ਵਾਈ–ਫਾਈ ਦਾ ਪੂਰਾ ਨਾਮ ਵਾਇਰਲੈੱਸ ਫਿਡੈਲਿਟੀ ਹੈ। ਵਾਈ–ਫਾਈ ਇੱਕ ਟੈਕਨੋਲੋਜੀ ਹੈ ਜੋ ਵਾਇਰਲੈੱਸ ਹਾਈ ਸਪੀਡ ਇੰਟਰਨੈੱਟ ਅਤੇ ਨੈੱਟਵਰਕ ਕੁਨੈਕਸ਼ਨਾਂ ਲਈ ਰੇਡੀਓ ਵੇਵਜ਼ ਦੀ ਵਰਤੋਂ ਕਰਦੀ ਹੈ।

**3. ਬਲੂਟੁੱਥ ਟੈਕਨੋਲੋਜੀ-** ਬਲੂਟੁੱਥ ਟੈਕਨੋਲੋਜੀ ਇੱਕ ਵਾਇਰਲੈੱਸ ਲੈਨ ਟੈਕਨੋਲੋਜੀ ਹੈ ਜਿਸ ਨਾਲ ਹਰ ਕਿਸਮ ਦੀਆਂ ਮੀਡੀਆ ਫਾਈਲਾਂ ਨੂੰ ਬਲੂਟੁੱਥ ਨਾਲ ਬਿਨਾਂ ਤਾਰਾਂ ਤੋਂ ਭੇਜਿਆ ਜਾਂ ਪ੍ਰਾਪਤ ਕੀਤਾ ਜਾ ਸਕਦਾ ਹੈ।

**4. ਈ-ਕਾਮਰਸ-** ਇਲੈਕਟ੍ਰਾਨਿਕ ਕਾਮਰਸ ਇੰਟਰਨੈੱਟ ਤੇ ਕਾਰੋਬਾਰ ਕਰਨ ਦਾ ਇੱਕ ਤਰੀਕਾ ਹੈ। ਈ–ਕਾਮਰਸਅਧੀਨ ਵਸਤੂਆਂ ਜਾਂ ਸੇਵਾਵਾਂ ਦੀ ਖਰੀਦ ਜਾਂ ਵੇਚ ਇੰਟਰਨੈੱਟ ਰਾਹੀਂ ਹੁੰਦੀ ਹੈ।

**3. ਪ੍ਰਸ਼ਨ:- ਬਲੂਟੁੱਥ ਟੈਕਨੋਲੋਜੀ ਕੀ ਹੈ**

**ਉੱਤਰ :- ਬਲੂਟੁੱਥ ਟੈਕਨੋਲੋਜੀ-** ਬਲੂਟੁੱਥ ਟੈਕਨੋਲੋਜੀ ਇੱਕ ਵਾਇਰਲੈੱਸ ਲੈਨ ਟੈਕਨੋਲੋਜੀ ਹੈ ਜਿਸ ਨਾਲ ਹਰ ਕਿਸਮ ਦੀਆਂ ਮੀਡੀਆ ਫਾਈਲਾਂ ਨੂੰ ਬਲੂਟੁੱਥ ਨਾਲ ਬਿਨਾਂ ਤਾਰਾਂ ਤੋਂ ਭੇਜਿਆ ਜਾਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਟੈਕਨੋਲੋਜੀ ਦੀ ਵਰਤੋਂ ਬਹੁਤ ਸਾਰੇ ਯੰਤਰਾਂ ਜਿਵੇਂ ਕਿ ਫੋਨ,ਲੈਪਟਾਪ,ਨਿੱਜੀ ਕੰਪਿਊਟਰਾਂ,ਪ੍ਰਿੰਟਰਾਂ,ਡਿਜੀਟਲ ਕੈਮਰੇ,ਮੋਬਾਇਲ ਫੋਨ,ਵੈੱਬ–ਕੈਮ,GPS,ਕਾਰ,ਹੈੱਡਸੈੱਟ,ਕੀਅ–ਬੋਰਡ,ਮਾਊਸ ਆਦਿ ਵਿੱਚ ਥੋੜ੍ਹੀ ਦੂਰੀ ਤੱਕ ਜਾਣਕਾਰੀ ਦੇ ਅਦਾਨ–ਪ੍ਰਦਾਨ ਲਈ ਕੀਤੀ ਜਾਂਦੀ ਹੈ।



ਬਲੂਟੁੱਥ ਟੈਕਨੋਲੋਜੀ

**4. ਪ੍ਰਸ਼ਨ :- ਜੀ.ਪੀ.ਐੱਸ. ਟੈਕਨੋਲੋਜੀ ਕੀ ਹੈ ?**

**ਉੱਤਰ:- ਜੀ.ਪੀ.ਐੱਸ. ਟੈਕਨੋਲੋਜੀ-** ਜੀ.ਪੀ.ਐੱਸ.ਦਾ ਪੂਰਾ ਨਾਮ ਗਲੋਬਲ ਪੋਜ਼ੀਸ਼ਨਿੰਗ ਸਿਸਟਮ ਹੈ। ਜੀ.ਪੀ.ਐੱਸ. ਦੀ ਵਰਤੋਂ ਕਿਸੇ ਵੀ ਜਗ੍ਹਾ ਜਾਂ ਟਿਕਾਣੇ ਦੀ ਭੂਗੋਲਿਕ ਸਥਿਤੀ ਲੱਭਣ ਲਈ ਕੀਤੀ ਜਾਂਦੀ ਹੈ। ਇਹ ਇੱਕ ਗਲੋਬਲ ਨੈਵੀਗੇਸ਼ਨ ਸੈਟੇਲਾਈਟ ਸਿਸਟਮ ਹੈ। ਅਸੀਂ ਇਸ ਦੀ ਮਦਦ ਨਾਲ ਕਿਸੇ ਦੋ ਸਥਾਨਾਂ ਦੀ ਦੂਰੀ ਜਾਂ ਰਸਤਾ ਲੱਭ ਸਕਦੇ ਹਾਂ। ਇਸ ਦੀ ਵਰਤੋਂ ਨੇੜੇ ਦੀਆਂ ਸੰਸਥਾਵਾਂ,ਹੋਟਲਾਂ,ਦਫਤਰਾਂ ਆਦਿ ਦਾ ਪਤਾ ਲਗਾਉਣ ਲਈ ਜਾਂ ਨਕਸ਼ੇ ਤਿਆਰ ਕਰਨ ਲਈ ਵੀ ਕੀਤੀ ਜਾਂਦੀ ਹੈ।



ਜੀ.ਪੀ.ਐੱਸ. ਟੈਕਨੋਲੋਜੀ

**5. ਪ੍ਰਸ਼ਨ:- ਇਨਫੋਰਮੇਸ਼ਨ ਟੈਕਨੋਲੋਜੀ ਦੇ ਪ੍ਰਸੰਗ ਵਿੱਚ ਮਲਟੀਮੀਡੀਆ ਟੈਕਨੋਲੋਜੀ ਬਾਰੇ ਦੱਸੋ।**


**ਉੱਤਰ:- ਮਲਟੀਮੀਡੀਆ ਟੈਕਨੋਲੋਜੀ:-** ਮਲਟੀਮੀਡੀਆ ਟੈਕਨੋਲੋਜੀ ਵਿੱਚ ਉਹ ਇੰਟਰਐਕਟਿਵ ਕੰਪਿਊਟਰ ਆਧਾਰਿਤ ਐਪਲੀਕੇਸ਼ਨਜ਼ ਸ਼ਾਮਿਲ ਹਨ ਜੋ ਕਿ ਲੋਕਾਂ ਨੂੰ ਡਿਜੀਟਲ ਅਤੇ ਪ੍ਰਿੰਟ ਮਾਧਿਅਮ ਵਿੱਚ ਸੂਚਨਾ ਦਾ ਆਦਾਨ -ਪ੍ਰਦਾਨ ਕਰਨ ਦੀ ਆਗਿਆ ਦਿੰਦੀਆਂ ਹਨ। ਆਨਲਾਈਨ ਜਾਂ ਆਫਲਾਈਨ ਜਾਂ ਆਫਲਾਈਨ ਗ੍ਰਾਫਿਕਸ ਨੂੰ ਤਿਆਰ ਕਰਨ ਲਈ ਖਾਸ ਕਿਸਮ ਦੇ ਮਲਟੀਮੀਡੀਆ ਮੈਨੇਜਿੰਗ ਸਾਫਟਵੇਅਰ ਦੀ ਵਰਤੋਂ ਕੀਤੀ ਜਾਂਦੀ ਹੈ।



ਇਨਫੋਰਮੇਸ਼ਨ ਟੈਕਨੋਲੋਜੀ

**6. ਪ੍ਰਸ਼ਨ:- 5ਜੀ ਟੈਕਨੋਲੋਜੀ ਦੀ ਪਰਿਭਾਸ਼ਾ ਦਿਓ।**

**ਉੱਤਰ:- 5ਜੀ ਟੈਕਨੋਲੋਜੀ-** 5ਜੀ ਅਗਲੀ ਪੀੜ੍ਹੀ ਦੀ ਵਾਇਰਲੈੱਸ ਟੈਕਨੋਲੋਜੀ ਹੈ ਜਿਹੜੀ 3ਜੀ ਅਤੇ 4ਜੀ ਤੋਂ ਬਹੁਤ ਅਗਾਂਹਵਧੂ ਹੈ। 5ਜੀ ਮੋਬਾਇਲ ਨੈੱਟਵਰਕ ਲੋਕਾਂ ਨੂੰ ਆਪਸ ਵਿੱਚ ਜੋੜਨ ਦੇ ਨਾਲ-ਨਾਲ ਮਸ਼ੀਨਾਂ ਅਤੇ ਉਪਕਰਨਾਂ ਨੂੰ ਵੀ ਆਪਸ ਵਿੱਚ ਜੋੜਨ ਅਤੇ ਕੰਟਰੋਲ ਕਰਨ ਦਾ ਕੰਮ ਕਰੇਗਾ। 5ਜੀ ,4ਜੀ ਤੋਂ 100 ਗੁਣਾ ਤੇਜ ਹੋ ਸਕਦਾ ਹੈ। ਇਸ ਦੀ ਇੰਟਰਨੈੱਟ ਸਪੀਡ **20gbps** ਤੋਂ ਵੱਧ ਹੋਵੇਗੀ ।ਉਦਾਹਰਣ ਲਈ ਇਸ ਨਾਲ **HD** ਮੂਵੀ ਇੱਕ ਮਿੰਟ ਵਿੱਚ ਹੀ ਡਾਊਨਲੋਡ ਕੀਤੀ ਜਾ ਸਕਦੀ ਹੈ।




5ਜੀ ਟੈਕਨੋਲੋਜੀ

**ਭਾਗ-ੲ**

**ਪ੍ਰ 4. ਵੱਡੇ ਉਤਰਾਂ ਵਾਲੇ ਪ੍ਰਸ਼ਨ (10-15 ਲਾਈਨਾਂ ਵਿੱਚ ਉੱਤਰ ਲਿਖੋ)**

**ਪ੍ਰਸ਼ਨ 1. ਇਨਫੋਰਮੇਸ਼ਨ ਟੈਕਨੋਲੋਜੀ ਕੀ ਹੈ ਅਤੇ ਇਸਦੇ ਐਪਲੀਕੇਸ਼ਨ ਖੇਤਰ ਬਾਰੇ ਦੱਸੋ।**

**ਉੱਤਰ :-ਇਨਫੋਰਮੇਸ਼ਨ ਟੈਕਨੋਲੋਜੀ -** ਇਨਫੋਰਮੇਸ਼ਨ ਟੈਕਨੋਲੋਜੀ ਇੱਕ ਅਜਿਹਾ ਖੇਤਰ ਹੈ ਜਿਸ ਦੇ ਤਹਿਤ ਕੰਪਿਊਟਰ ਜਾਂ ਹੋਰ ਭੌਤਿਕ ਉਪਕਰਣ(ਹਾਰਡਵੇਅਰ,ਸਾਫਟਵੇਅਰ) ਦੀ ਵਰਤੋਂ ਇਲੈਕਟ੍ਰਾਨਿਕ ਡਾਟਾ ਨੂੰ ਬਣਾਉਣ,ਪ੍ਰਕਿਰਿਆ ਕਰਨ,ਸੁਰੱਖਿਅਤ ਕਰਨ ਅਤੇ ਅਦਾਨ-ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।

**ਇਨਫੋਰਮੇਸ਼ਨ ਟੈਕਨੋਲੋਜੀ ਦੇ ਕੁਝ ਐਪਲੀਕੇਸ਼ਨ ਖੇਤਰ :- ਇਨਫੋਰਮੇਸ਼ਨ ਟੈਕਨੋਲੋਜੀ ਦੀਆਂ ਕੁਝ ਐਪਲੀਕੇਸ਼ਨਜ਼ ਇਸ ਪ੍ਰਕਾਰ ਹਨ-**

- **ਕਾਰੋਬਾਰ :-** ਇਨਫੋਰਮੇਸ਼ਨ ਟੈਕਨੋਲੋਜੀ ਨੇ ਕਾਰੋਬਾਰ ਦੇ ਹਰੇਕ ਖੇਤਰ ਨੂੰ ਬਹੁਤ ਵੱਡੇ ਪੱਧਰ ਤੇ ਬਦਲਿਆ ਹੈ।ਕਾਰੋਬਾਰ ਵਿੱਚ ਇਨਫੋਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਕੰਪਿਊਟਰਾਂ ਅਤੇ ਵੱਖੋ-ਵੱਖਰੇ ਸਾਫਟਵੇਅਰਾਂ ਦੀ ਮਦਦ ਨਾਲ ਆਪਣੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤੀ ਜਾ ਸਕਦੀ ਹੈ।

- **ਕਲਾਸ-ਰੂਮ ਸਿੱਖਿਆ :-** ਇਨਫੋਰਮੇਸ਼ਨ ਟੈਕਨੋਲੋਜੀ ਦੇ ਨਾਲ ਸਿੱਖਿਆ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਸਿੱਖਿਆ ਟੈਕਨੋਲੋਜੀ ਵਿੱਚ ਹੋ ਰਹੀ ਤਰੱਕੀ ਦਾ ਸਹਾਰਾ ਲੈਂਦੇ ਹੋਏ ਵਿਦਿਆਰਥੀਆਂ ਤੱਕ ਪਹੁੰਚ ਬਣਾਵੇ ਤਾਂ ਜੋ ਭਵਿੱਖ ਵਿੱਚ ਉਹਨਾਂ ਦੀ ਮਦਦ ਕੀਤੀ ਜਾ ਸਕੇ।
- **ਆਨਲਾਈਨ ਸਿੱਖਿਆ :-** ਆਨਲਾਈਨ ਸਿੱਖਿਆ ਦੀਆਂ ਸੇਵਾਵਾਂ ਦੀ ਸ਼ੁਰੂਆਤ ਦੇ ਨਾਲ,ਵਿਦਿਆਰਥੀ ਇੰਟਰਨੈੱਟ ਦੀ ਵਰਤੋਂ ਕਰਦੇ ਹੋਏ ਕਿਸੇ ਵੀ ਜਗ੍ਹਾ ਸਿੱਖ ਸਕਦੇ ਹਨ।ਅੱਜ ਦੇ ਸਮੇਂ ਵਿੱਚ ਵਿਦਿਆਰਥੀ ਮੋਬਾਈਲ ਐਪਲੀਕੇਸ਼ਨਜ਼ ਦੀ ਮਦਦ ਨਾਲ ਆਪਣੇ ਮੋਬਾਇਲ ਤੋਂ ਹੀ ਸਿੱਖਿਆ ਪ੍ਰਾਪਤ ਕਰ ਰਹੇ ਹਨ,ਜਿਸ ਨਾਲ ਆਨਲਾਈਨ ਸਿੱਖਿਆ ਦਾ ਪਸਾਰ ਹੋਇਆ ਹੈ।
- **ਵਿੱਤ :-** ਕੰਪਿਊਟਰ ਦੀ ਖੋਜ ਨਾਲ ਉਦਯੋਗ ਅਤੇ ਹੋਰ ਵੱਡੇ ਕਾਰੋਬਾਰ ਖੇਤਰਾਂ ਵਿੱਚ ਵੀ ਬਹੁਤ ਵਾਧਾ ਹੋਇਆ ਹੈ।ਵੱਡੀ ਮਾਤਰਾ ਵਿੱਚ ਡਾਟਾ ਰੱਖਣਾ,ਗੁੰਝਲਦਾਰ ਗਣਨਾਵਾਂ ਕਰਨਾ ਅਤੇ ਵਿੱਤੀ ਆਦਾਨ-ਪ੍ਰਦਾਨ ਦਾ ਪ੍ਰਬੰਧ ਕਰਨਾ ਕੰਪਿਊਟਰ ਦੀ ਮਦਦ ਨਾਲ ਬਹੁਤ ਆਸਾਨ ਹੋ ਗਿਆ ਹੈ।
- **ਸਿਹਤ :-** ਇਨਫੋਰਮੇਸ਼ਨ ਟੈਕਨੋਲੋਜੀ ਦੇ ਸੁਧਾਰ ਨਾਲ ਸਿਹਤ ਦੇ ਖੇਤਰ ਵਿੱਚ ਸੁਧਾਰ ਕਰਨਾ ਸੌਖਾ ਹੋ ਗਿਆ ਹੈ।ਸਿਹਤ ਸਹੂਲਤਾਂ ਖਾਸ ਕਰਕੇ ਹਸਪਤਾਲ,ਮਰੀਜ਼ਾਂ ਨਾਲ ਸੰਪਰਕ ਸਥਾਪਿਤ ਕਰਨ,ਉਨ੍ਹਾਂ ਦੇ ਪ੍ਰਸ਼ਨਾਂ ਦੇ ਜਵਾਬ ਦੇਣਾ,ਲੈਬ ਟੈਸਟ ਦੇ ਨਤੀਜੇ ਆਦਿ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਜਾ ਰਹੀ ਹੈ।
- **ਮੀਡੀਆ :-** ਮੀਡੀਆ ਹੁਣ ਵਧੀਆ ਤਰੀਕੇ ਨਾਲ ਖਬਰਾਂ ਤੱਕ ਪਹੁਚ ਬਣਾਉਂਦਾ ਹੈ ਅਤੇ ਵਿਆਪਕ ਪੱਧਰ ਤੇ ਲੋਕਾਂ ਨੂੰ ਵੰਡਦਾ ਹੈ।
- **ਰੱਖਿਆ :-** ਇਨਫੋਰਮੇਸ਼ਨ ਟੈਕਨੋਲੋਜੀ ਉਹ ਸਾਧਨ ਹੈ ਜੋ ਰੱਖਿਆ ਪ੍ਰਣਾਲੀ ਵਿੱਚ ਮਿਜ਼ਾਈਲਾਂ ਅਤੇ ਹੋਰ ਉਪਕਰਣਾਂ ਦੇ ਵਿਕਾਸ ਵਿੱਚ ਦਿਦ ਕਰਦਾ ਹੈ। ਇਨਫੋਰਮੇਸ਼ਨ ਟੈਕਨੋਲੋਜੀ ਸੈਟੇਲਾਈਟ ਰਾਹੀਂ ਫੌਜੀਆਂ ਅਤੇ ਕਮਾਂਡਰਾਂ ਵਿਚਾਲੇ ਸੰਪਰਕ ਸਥਾਪਿਤ ਕਰਦਾ ਹੈ।

**ਪ੍ਰਸ਼ਨ 2. ਐਂਡਰਾਇਡ ਟੈਕਨੋਲੋਜੀ ਕੀ ਹੈ ? ਇਸਦੇ ਲਾਭ ਦੱਸੋ।**

**ਉੱਤਰ :- ਐਂਡਰਾਇਡ ਟੈਕਨੋਲੋਜੀ :-** ਐਂਡਰਾਇਡ ਟੈਕਨੋਲੋਜੀ ਇੱਕ ਵਧੀਆ ਓਪਰੇਟਿੰਗ ਸਿਸਟਮ ਹੈ ਜੋ ਕਿ ਮੋਬਾਈਲਾਂ ਲਈ ਵਰਤਿਆ ਜਾਂਦਾ ਹੈ। ਇਸ ਨੂੰ ਓਪਨ ਹੈਂਡਸੈੱਟ ਅਲਾਇੰਸ ਦੁਆਰਾ ਵਿਕਸਿਤ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਨੂੰ ਗੂਗਲ ਨੇ ਸਪੋਰਟ ਦੇ ਦਿੱਤੀ ਸੀ।ਇਸਦੇ ਐਂਡਰਾਇਡ ਫੀਚਰ ਇਸਨੂੰ ਹੋਰ ਪਲੇਟਫਾਰਮਾਂ ਨਾਲੋਂ ਬਿਹਤਰ ਬਣਾਉਂਦੇ ਹਨ।

- **ਐਂਡਰਾਇਡ ਟੈਕਨੋਲੋਜੀ ਦੇ ਲਾਭ :-**
- ਇਹ ਵੱਖੋ-ਵੱਖਰੇ ਮੀਡੀਆ ਪਲੇਟਫਾਰਮਾਂ ਨੂੰ ਸਹਿਯੋਗ ਕਰਦਾ ਹੈ ਜਿਵੇਂ ਕਿ MP3,MP4 ਆਦਿ।
- ਵੱਖ-ਵੱਖ ਟੈਕਨੋਲੋਜੀਆਂ ਨੂੰ ਸਹਿਯੋਗ ਕਰਦਾ ਹੈ ਜਿਵੇਂ ਕਿ ਕੈਮਰਾ,ਬਲੂਟੁੱਥ,ਵਾਈ-ਫਾਈ,ਸਪੀਚ ਆਦਿ।
- ਮਲਟੀ-ਟਾਸਕਿੰਗ
- ਆਸਾਨ ਪਹੁਚ
- ਅਲੱਗ ਅਲੱਗ ਪਲੇਟਫਾਰਮਾਂ ਦੇ ਅਨੁਕੂਲ ਜਿਵੇਂ ਕਿ ਵਿੰਡੋਜ਼ ਆਪਰੇਟਿੰਗ ਸਿਸਟਮ,ਮੈਕ ਆਪਰੇਟਿੰਗ ਸਿਸਟਮ ਅਤੇ ਲਾਈਨਕਸ ਆਪਰੇਟਿੰਗ ਸਿਸਟਮ ਆਦਿ।
- ਉਪਭੋਗਤਾਵਾਂ ਦੀ ਵੱਡੀ ਗਿਣਤੀ।




ਐਂਡਰਾਇਡ ਟੈਕਨੋਲੋਜੀ

**ਪ੍ਰਸ਼ਨ 3. ਨੈਨੋ-ਟੈਕਨੋਲੋਜੀ ਅਤੇ ਵਾਈ-ਫਾਈ ਟੈਕਨੋਲੋਜੀ ਤੇ ਨੋਟ ਲਿਖੋ।**

**ਉੱਤਰ :-ਨੈਨੋ-ਟੈਕਨੋਲੋਜੀ :-**

ਨੈਨੋ-ਟੈਕਨੋਲੋਜੀ ਕੰਪਿਊਟਰ ਸਾਇੰਸ ਦੇ ਪ੍ਰਸੰਗ ਵਿੱਚ ਇੱਕ ਕਿਸਮ ਦੀ ਇੰਜੀਨੀਅਰਿੰਗ ਹੈ ਜਿਸ ਵਿੱਚ ਇਲੈਕਟ੍ਰੋਨਿਕ ਹਿੱਸਿਆਂ ਨੂੰ ਨੈਨੋ-ਮੀਟਰਾਂ ਦੇ ਮਾਪ ਵਿੱਚ ਤਿਆਰ ਕੀਤਾ ਜਾਂਦਾ ਹੈ ਜੋ ਕਿ ਆਕਾਰ ਅਤੇ ਬਣਤਰ ਵਿੱਚ ਬਹੁਤ ਛੋਟੇ ਹੁੰਦੇ

ਹਨ। ਨੈਨੋ–ਟੈਕਨੋਲੋਜੀ ਇੱਕ ਅਜਿਹਾ ਖੇਤਰ ਹੈ ਜਿੱਥੇ ਨੈਨੋ–ਪਾਰਟੀਕਲਸ ਤੇ ਕਾਰਜ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਵਰਤੋਂ ਕੰਪਿਊਟਰ ਸਾਇੰਸ,ਰਸਾਇਣਿਕ ਵਿਗਿਆਨ,ਜੀਵ ਵਿਗਿਆਨ,ਭੌਤਿਕ ਵਿਗਿਆਨ ਅਤੇ ਇੰਜੀਨੀਅਰਿੰਗ ਆਦਿ ਵਿੱਚ ਕੀਤੀ ਜਾਂਦੀ ਹੈ।




ਨੈਨੋ–ਟੈਕਨੋਲੋਜੀ

**ਵਾਈ-ਫਾਈ ਟੈਕਨੋਲੋਜੀ :-**

ਵਾਈ–ਫਾਈ ਦਾ ਪੂਰਾ ਨਾਮ ਵਾਇਰਲੈੱਸ ਫਿਡੈਲਿਟੀ ਹੈ।ਇਸ ਟੈਕਨੋਲੋਜੀ ਦੀ ਵਰਤੋਂ ਨਾਲ ਵਾਇਰਲੈੱਸ ਹਾਈ ਸਪੀਡ ਇੰਟਰਨੈੱਟ ਅਤੇ ਨੈੱਟਵਰਕ ਕੁਨੈਕਸ਼ਨਾਂ ਲਈ ਰੇਡੀਓ ਵੇਵਜ਼ ਦੀ ਵਰਤੋਂ ਕਰਦੀ ਹੈ। ਵਾਈ–ਫਾਈ ਇੱਕ ਨੈੱਟਵਰਕ ਸਹੂਲਤ ਹੈ ਜਿਸ ਰਾਹੀਂ ਅਸੀਂ ਆਪਣਾ ਕੰਪਿਊਟਰ,ਸਮਾਰਟਫੋਨ,ਲੈਪਟਾਪ ਜਾਂ ਕਿਸੇ ਹੋਰ ਯੰਤਰ ਨੂੰ ਇੰਟਰਨੈੱਟ ਨਾਲ ਬਿਨਾਂ ਤਾਰ ਨਾਲ ਜੋੜ ਸਕਦੇ ਹਾਂ।ਹੌਟੋਸਪੌਟ ਦੀ ਵਰਤੋਂ ਕਰਦੇ ਹੋਏ ਅਸੀਂ ਨੇੜੇ ਦੇ ਕਿਸੇ ਵੀ ਵਾਈ–ਫਾਈ ਨਾਲ ਜੁੜ ਸਕਦੇ ਹਾਂ।



ਵਾਈ–ਫਾਈ ਟੈਕਨੋਲੋਜੀ

**ਪ੍ਰਸ਼ਨ 4. ਵਰਚੁਅਲ ਰਿਐਲਿਟੀ ਕੀ ਹੈ ? ਇਸਦੇ ਲਾਭ ਦੱਸੋ।**

**ਉੱਤਰ :- ਵਰਚੁਅਲ ਰਿਐਲਿਟੀ :-** ਵਰਚੁਅਲ ਰਿਐਲਿਟੀ ਇੱਕ ਕੰਪਿਊਟਰ ਟੈਕਨੋਲੋਜੀ ਹੈ ਜੋ ਕਿ ਇੱਕ ਕਲਪਨਾ ਦੀ ਦੁਨੀਆ ਬਣਾਉਣ ਲਈ ਵਰਤੀ ਜਾਂਦੀ ਹੈ ਅਤੇ ਇਸ ਨਾਲ ਸਾਨੂੰ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਸੀਂ ਉਸ ਕਲਪਨਾ ਦੀ ਦੁਨੀਆ ਦਾ ਹੀ ਹਿੱਸਾ ਹਾਂ। ਵਰਚੁਅਲ ਰਿਐਲਿਟੀ ਦਾ ਅਰਥ ਹੈ ਸਾਨੂੰ ਕੰਪਿਊਟਰ ਦੁਆਰਾ ਉਨ੍ਹਾਂ ਚੀਜ਼ਾਂ ਦਾ ਅਨੁਭਵ ਕਰਵਾਉਣਾ ਜੋ ਅਸਲ ਵਿੱਚ ਮੌਜੂਦ ਨਹੀਂ ਹਨ।

- **ਵਰਚੁਅਲ ਰਿਐਲਿਟੀ ਦੇ ਲਾਭ:-**
- ਵਰਚੁਅਲ ਰਿਐਲਿਟੀ ਨੇ ਵੇਖਣ ਦੀ ਟੈਕਨੋਲੋਜੀ ਨੂੰ ਪੜ੍ਹਨ ਨਾਲੋਂ ਵਧੇਰੇ ਮਨੋਰੰਜਕ ਬਣਾ ਦਿੱਤਾ ਹੈ।
- ਨਵੇਂ ਮੈਡੀਕਲ ਲੱਛਣਾਂ ਦੀ ਜਾਂਚ ਲਈ ਡਾਕਟਰ ਵਰਚੁਅਲ ਰਿਐਲਿਟੀ ਦਾ ਲਾਭ ਲੈਂਦੇ ਹਨ।
- ਇਹ ਅਸਲ ਨਾਲ ਮੇਲ ਖਾਂਦੀ ਇੱਕ ਕਾਲਪਨਿਕ ਦੁਨੀਆ ਬਣਾਉਂਦੀ ਹੈ।
- ਵਰਚੁਅਲ ਰਿਐਲਿਟੀ ਸਿੱਖਿਆ ਨੂੰ ਆਸਾਨ ਬਣਾਉਂਦੀ ਹੈ।
- ਵਰਚੁਅਲ ਰਿਐਲਿਟੀ ਦੀ ਵਰਤੋਂ ਯੂਜ਼ਰ ਨੂੰ ਵਧੀਆ ਤਜਰਬਾ ਪ੍ਰਦਾਨ ਕਰਦੀ ਹੈ।



ਵਰਚੁਅਲ ਰਿਐਲਿਟੀ

**ਪ੍ਰਸ਼ਨ 5. ਇੰਟਰਨੈੱਟ ਆਫ ਥਿੰਗਜ਼ (IOT) ਕੀ ਹੈ ? ਇਸ ਦੇ ਲਾਭ ਦੱਸੋ।**

**ਉੱਤਰ :- ਇੰਟਰਨੈੱਟ ਆਫ ਥਿੰਗਜ਼ (IOT)** :– ਇੰਟਰਨੈੱਟ ਆਫ ਥਿੰਗਜ਼ ਜਾਂ (IOT) ਇੱਕ ਨਵੀਂ ਤਕਨੀਕ ਹੈ ਜੋ ਕਿ ਮਨੁੱਖੀ ਜੀਵਨ ਨੂੰ ਵਧੇਰੇ ਸੁਖਾਲਾ ਤੇ ਆਰਾਮਦਾਇਕ ਬਣਾਉਣ ਤੇ ਕੇਂਦਰਿਤ ਹੈ। ਇੰਟਰਨੈੱਟ ਆਫ ਥਿੰਗਜ਼ ਇੱਕ ਸਾਈਬਰ ਫਿਜੀਕਲ ਸਿਸਟਮ ਹੈ ਜੋ ਕਿ ਭੌਤਿਕ ਸੰਸਾਰ ਤੋਂ ਅੰਕੜੇ ਇਕੱਤਰ ਕਰਨ ਲਈ ਸੈਂਸਰਾਂ ਦੀ ਵਰਤੋਂ ਕਰਦਾ ਹੈ। ਇੰਟਰਨੈੱਟ ਆਫ ਥਿੰਗਜ਼ (IOT) ਦਾ ਉਦੇਸ਼,ਇਸ ਤਕਨੀਕ ਨੂੰ ਸਿਰਫ ਇੰਟਰਨੈੱਟ ਸਹਿਯੋਗੀ ਉਪਕਰਣ ਜਿਵੇਂ ਕਿ ਸਮਾਰਟਫੋਨ,ਟੈਬਲੇਟਸ,ਡੈਸਕਟਾਪ ਕੰਪਿਊਟਰ ,ਲੈਪਟਾਪ ਆਦਿ ਨੂੰ ਹੀ ਕੁਨੈਕਟ ਕਰਨ ਤੱਕ ਸੀਮਿਤ ਨਹੀਂ,ਬਲਕਿ ਇਸ ਦਾ ਉਦੇਸ਼ ਗੈਰ–ਇੰਟਰਨੈੱਟ ਸਹਿਯੋਗੀ ਅਤੇ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਉਪਕਰਨਾਂ ਨੂੰ ਜੋੜਨ ਲਈ ਵੀ ਸਬੰਧਤ ਹੈ।

- **ਇੰਟਰਨੈੱਟ ਆਫ ਥਿੰਗਜ਼ (IOT) ਦੇ ਲਾਭ :-**
- ਆਈ.ਓ.ਟੀ. ਉਪਕਰਨ ਆਟੋਮੈਟਿਕ ਤੌਰ ਤੇ ਕੰਮ ਕਰਦੇ ਹਨ।
- ਸਾਰੇ ਉਪਕਰਨ ਆਟੋਮੈਟਿਕ ਅਤੇ ਤਕਨੀਕੀ ਹੋਣ ਕਾਰਨ ਵਧੇਰੇ ਸੁਰੱਖਿਅਤ ਹਨ
- ਮਸ਼ੀਨੀ ਪ੍ਰਕਿਰਿਆ ਹੋਣ ਕਾਰਨ ਇਹ ਸਮੇਂ ਦੀ ਬਚਤ ਕਰਦਾ ਹੈ।
- ਇਹ ਨੈੱਟਵਰਕ ਵਿੱਚ ਜੁੜੇ ਸਾਰੇ ਓਪਕਰਨਾਂ ਨੂੰ ਪਹਿਲਾਂ ਤੋਂ ਜਾਣਨ ਦੀ ਸਹੂਲਤ ਦਿੰਦਾ ਹੈ।
- ਇਹ IOT ਨਾਲ ਸਬੰਧਤ ਸਾਧਨਾਂ ਦੀ ਕੁਸ਼ਲ ਅਤੇ ਯੋਗ ਵਰਤੋਂ ਕਰਵਾਉਣ ਵਿੱਚ ਮਦਦ ਕਰਦਾ ਹੈ।
- ਇਸ ਨਾਲ ਆਪਸੀ ਤਾਲਮੇਲ ਬਣਿਆ ਰਹਿੰਦਾ ਹੈ।
- ਆਟੋਮੈਟਿਕ ਹੋਣ ਕਾਰਨ ਘਰੇਲੂ ਉਪਕਰਨ ਆਪਣੇ ਆਪ ਚਲ ਸਕਦੇ ਹਨ ਅਤੇ ਬੰਦ ਹੋ ਸਕਦੇ ਹਨ ਜਿਸ ਨਾਲ ਬਿਜਲੀ ਅਤੇ ਊਰਜਾ ਦੀ ਸੁਚੱਜੀ ਵਰਤੋਂ ਕਰਨ ਵਿੱਚ ਸਹਾਇਤਾ ਮਿਲਦੀ ਹੈ।




ਇੰਟਰਨੈੱਟ ਆਫ ਥਿੰਗਜ਼ (IOT)